## **ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਅਦਾਲਤ ਕੰਪਲੈਕਸ, ਮਲੇਰਕੋਟਲਾ**

## **ਪਬਲਿਕ ਨੋਟਿਸ**

ਨੰਬਰ:422 ਮਿਤੀ: 07.08.2026

**"If You have the zeal in you, we need you"**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਸੋਧੀ (Revised) ਪੈਰਾ ਲੀਗਲ ਵਲੰਟੀਅਰ ਸਕੀਮ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਲਈ ਸਵੈ-ਇੱਛਾ (Voluntarily) ਨਾਲ ਕੰਮ ਕਰਨ ਦੇ ਚਾਹਵਾਨ, ਪੜ੍ਹੇ-ਲਿਖੇ, ਯੋਗ ਅਤੇ ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਵਿਅਕਤੀਆਂ ਵਿੱਚੋਂ ਯੋਗ Para Legal Volunteers ਦੀ ਚੋਣ ਕੀਤੀ ਜਾਣੀ ਹੈ। ਘੱਟੋ-ਘੱਟ ਦਸਵੀਂ ਪਾਸ ਜਾਂ ਇਸ ਤੋਂ ਵੱਧ ਪੜ੍ਹੇ-ਲਿਖੇ ਹੇਠ ਦਰਸਾਈਆਂ ਗਈਆਂ ਕੈਟਾਗਰੀਆਂ ਨਾਲ ਸਬੰਧਤ ਅਜਿਹੇ ਵਿਅਕਤੀ ਜੋ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਲਈ ਸਵੈ-ਇੱਛਾ ਨਾਲ ਬਤੌਰ ਪੈਰਾ ਲੀਗਲ ਵਲੰਟੀਅਰ ਕੰਮ ਕਰਨ ਦੇ ਚਾਹਵਾਨ ਹੋਣ, ਆਪਣੀ ਦਰਖਾਸਤ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਤੇ **ਮਿਤੀ 15.09.2026 ਬਾਅਦ ਦੁਪਹਿਰ 04:00 ਵਜੇ** ਤੱਕ ਦਫ਼ਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕੋਰਟ ਕੰਪਲੈਕਸ, ਮਲੇਰਕੋਟਲਾ ਵਿੱਚ ਦੇ ਸਕਦੇ ਹਨ:-

* Teachers (including retired teachers).
* Retired Government servants and senior citizens.
* M.S.W. students and teachers.
* Anganwadi Workers.
* Doctors/Physicians.
* Students & Law Students (till they enroll as lawyers).
* Members of non-political, service-oriented NGOs and Clubs.
* Members of Women Neighborhood Groups, Maithri Sanghams and other Self Help Groups including of marginalized/vulnerable groups.
* Educated prisoners with good behavior, serving long term sentences in prisons.
* Any other literate person, preferably matriculate who is interested for Social Service.

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪੈਰਾ ਲੀਗਲ ਵਲੰਟੀਅਰਜ਼ ਵੱਜੋਂ ਚੁਣੇ ਗਏ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਤ ਕੀਤੇ ਜਾਣ ਵਾਲੇ ਮਾਣ-ਭੱਤੇ (Honorarium) ਤੋਂ ਇਲਾਵਾ ਕਿਸੇ ਕਿਸਮ ਦੀ ਤਨਖਾਹ (Salary) ਜਾਂ ਮਿਹਨਤਾਨ/ (Remuneration) ਜਾਂ ਉਜਰਤਾਂ (Wages) ਦੀ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਕੇਵਲ ਕੰਮ ਵਾਲੇ ਦਿਨ ਦੀ ਨਿਯਮਾਂ ਅਨੁਸਾਰ ਬਣਦੇ ਮਾਣ-ਭੱਤੇ (Honorarium) ਦੀ ਅਦਾਇਗੀ ਕੀਤੀ ਜਾਵੇਗੀ। ਚੁਣੇ ਗਏ ਪੈਰਾ ਲੀਗਲ ਵਲੰਟੀਅਰਜ਼ ਨੂੰ ਸਮੇਂ-ਸਮੇਂ ਲੋੜ ਅਨੁਸਾਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਦੀਆਂ ਵੱਖ-ਵੱਖ ਗਤੀਵਿਧੀਆਂ ਲਈ ਕੰਮ ਸੌਂਪੇ ਜਾ ਸਕਦੇ ਹਨ ।

**ਵਿਸ਼ੇਸ਼ ਨੋਟ** :-

- **ਅਪਲਾਈ ਕਰਨ ਵਾਲੇ ਉਮੀਦਵਾਰ ਦੇ ਖਿਲਾਫ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਕੋਈ ਸਿਵਲ ਜਾਂ ਫੌਜਦਾਰੀ ਕੇਸ ਲੰਬਤ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਮੀਦਵਾਰ ਨੂੰ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕਦੇ ਕੋਈ ਸਜ਼ਾ ਸੁਣਾਈ ਗਈ ਹੋਵੇ।**
- **ਅਪਲਾਈ ਕਰਨ ਵਾਲੇ ਉਮੀਦਵਾਰ ਕਿਸੇ ਵੀ ਸਿਆਸੀ ਪਾਰਟੀ ਦੇ ਸਰਗਰਮ ਸਿਆਸੀ ਉਤਸ਼ਾਹੀ** (active political enthusiast) **ਨਹੀਂ ਹੋਣੇ ਚਾਹਿਦੇ।**

**ਮਿਤੀ:** 07.08.2026 **ਸਹੀ/-**

ਸਕੱਤਰ,
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਮਲੇਰਕੋਟਲਾ।

# <u>ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖ਼ਾਸਤ ਭੇਜਣ ਲਈ ਪ੍ਰੋਫਾਰਮਾ</u>

ਇੱਥੇ ਸਵੈ ਤਸਦੀਕ ਫੋਟੋ ਚਿਪਕਾਈ ਜਾਵੇ

1. ਨਾਮ : ______________________
2. ਪਿਤਾ/ਪਤੀ ਦਾ ਨਾਮ : ______________________
3. ਜਨਮ ਮਿਤੀ (dd/mm/yyyy) : ______________________
4. ਕੈਟਾਗਰੀ (Gen/SC/ST/BC/Other) : ______________________
   (ਸਵੈ-ਤਸਦੀਕ ਕਾਪੀ ਨੱਥੀ ਕੀਤੀ ਜਾਵੇ)
5. ਘਰ ਦਾ ਪੱਕਾ ਪਤਾ : ______________________
   (ਦਸਤਾਵੇਜ ਦੀ ਸਵੈ-ਤਸਦੀਕ ਕਾਪੀ ਨੱਥੀ ______________________
   ਕੀਤੀ ਜਾਵੇ) ______________________
6. ਪੱਤਰ-ਵਿਹਾਰ ਲਈ ਪਤਾ : ______________________
   ______________________
   ______________________
7. ਵਿੱਦਿਅਕ ਯੋਗਤਾਵਾਂ : ______________________
   (ਦਸਤਾਵੇਜਾਂ ਦੀਆਂ ਸਵੈ-ਤਸਦੀਕ ਕਾਪੀਆਂ ______________________
   ਨੱਥੀ ਕੀਤੀਆਂ ਜਾਣ)
8. ਕੰਮ ਦਾ ਖੇਤਰ : ______________________
9. ਤਜ਼ਰਬਾ (ਜੇਕਰ ਕੋਈ ਹੋਵੇ) : ______________________
   (ਸਵੈ-ਤਸਦੀਕ ਕਾਪੀ ਨੱਥੀ ਕੀਤੀ ਜਾਵੇ) ______________________
10. ਕਿੱਥੇ ਕੰਮ ਕਰਨ ਦੇ ਇੱਛਕ ਹੋ : ______________________
    (ਜ਼ਿਲ੍ਹਾ/ਉਪ ਮੰਡਲ ਤੇ)
11. ਮੋਬਾਇਲ ਨੰਬਰ (Mandatory) : ______________________
12. ਈ.ਮੇਲ. ਆਈ.ਡੀ. (Mandatory) : ______________________

ਮਿਤੀ:

ਸਥਾਨ: ਉਮੀਦਵਾਰ ਦੇ ਹਸਤਾਖ਼ਰ

## <u>ਸਵੈਘੋਸ਼ਨਾ</u>

- ਮੈਂ ਘੋਸ਼ਨਾ ਕਰਦਾ ਹਾਂ ਕਿ ਮੇਰੇ ਖਿਲਾਫ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਕੋਈ ਵੀ ਸਿਵਲ ਜਾਂ ਫੌਜਦਾਰੀ ਮੁਕੱਦਮਾਂ ਲੰਬਤ ਨਹੀਂ ਹੈ ਅਤੇ ਨਾ ਹੀ ਮੈਨੂੰ ਕਦੇ ਕਿਸੇ ਵੀ ਕੇਸ ਵਿੱਚ ਕਿਸੇ ਵੀ ਨਿਆਂਇਕ ਅਦਾਲਤ ਵੱਲੋਂ ਕੋਈ ਸਜ਼ਾ ਸੁਣਾਈ ਗਈ ਹੈ।
- ਮੈ ਘੋਸ਼ਨਾ ਕਰਦਾ ਹਾਂ ਕਿ ਮੈਂ ਕਿਸੇ ਵੀ ਸਿਆਸੀ ਪਾਰਟੀ ਦਾ ਸਰਗਰਮ ਸਿਆਸੀ ਉਤਸ਼ਾਹੀ ਨਹੀਂ ਹਾਂ।

ਮਿਤੀ:

ਸਥਾਨ: ਉਮੀਦਵਾਰ ਦੇ ਹਸਤਾਖ਼ਰ